# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਦਸਵੀਂ/ਬਾਰ੍ਹਵੀਂ ਪ੍ਰੀਖਿਆ ਮਾਰਚ-2016 ਰੈਗੂਲਰ ਅਤੇ ਓਪਨ ਸਕੂਲ ਦੇ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫੀਸਾਂ ਪ੍ਰਾਪਤ ਕਰਨ ਸਬੰਧੀ ਸ਼ਡਿਊਲ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤਾ ਜਾਂਦਾ ਹੈ:-

| **ਮੈਟ੍ਰਿਕ ਲਈ ਪਰੀਖਿਆ ਫੀਸ:-**<br>1. ਸਰਕਾਰੀ ਅਤੇ ਏਡਿਡ ਸਕੂਲਾਂ ਲਈ 650/- ਰੁ:+300/-ਰੁ: ਪ੍ਰਯੋਗੀ ਵਿਸ਼ਿਆ ਦੀ ਫੀਸ<br>2. ਐਫੀਲਿਏਟਿਡ / ਐਸੋਸੀਏਟ ਸਕੂਲਾਂ ਲਈ 950/- ਰੁ: (ਸਮੇਤ ਪ੍ਰਯੋਗੀ ਵਿਸ਼ਿਆ ਦੀ ਫੀਸ)<br>3. ਵਾਧੂ ਵਿਸ਼ੇ ਦੀ ਫੀਸ 280/- ਰੁ: ਪ੍ਰਤੀ ਵਿਸ਼ਾ (ਕੇਵਲ ਓਪਨ ਸਕੂਲ ਦੇ ਪਰੀਖਿਆਰਥੀਆਂ ਲਈ)<br>**ਬਾਰ੍ਹਵੀਂ ਲਈ ਪਰੀਖਿਆ ਫੀਸ:-**<br>1. ਸਾਰੇ ਗਰੁੱਪਾਂ ਲਈ 1050/ਰੁ: + 100/ਰੁ: ਪ੍ਰਤੀ ਪ੍ਰਯੋਗੀ ਵਿਸ਼ਾ ਅਤੇ ਵਾਧੂ ਵਿਸ਼ੇ ਦੀ ਫੀਸ 280/- ਰੁ: ਪ੍ਰਤੀ ਵਿਸ਼ਾ | ਬਿਨਾਂ ਲੇਟ ਫ਼ੀਸ | 500/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 1000/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 2000/-ਰੁ: ਲੇਟ ਫੀਸ (ਪ੍ਰਤੀ ਪਰੀਖਿਆਰਥੀ) |
|---|---|---|---|---|
| ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | 02-11-15 | 09-11-15 | 16-11-15 | 23-11-15 |
| ਬੈਂਕ ਵਿੱਚ ਫੀਸ/ਚਲਾਨ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | 09-11-15 | 17-11-15 | 20-11-15 | 27-11-15 |
| ਪ੍ਰੀਖਿਆ ਫਾਰਮ ਜਿਲ੍ਹਾਂ ਖੇਤਰੀ ਦਫਤਰ ਵਿਖੇ ਜਮਾਂ ਕਰਵਾਉਣ ਦੀ ਆਖਰੀ ਮਿਤੀ | 30-11-15 | 30-11-15 | 30-11-15 | 30-11-15 |

ਨੋਟ:-

1. ਪ੍ਰੀਖਿਆ ਫਾਰਮ/ਚਾਲਾਨ ਲਾਟ ਵਾਈਜ਼ ਜਨਰੇਟ ਕੀਤੇ ਜਾ ਸਕਦੇ ਹਨ (ਲਾਟ ਵਾਈਜ਼ ਬਣਦੀ ਫੀਸ ਦਾ ਚਾਲਾਨ ਬਣ ਜਾਵੇਗਾ ਅਤੇ ਫੀਸ ਬੈਂਕ ਵਿੱਚ ਭਰਨ ਉਪਰੰਤ ਬੈਂਕ ਦੁਆਰਾ ਵੈਰਾਫਾਈ ਕਰਨ ਤੇ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ) ਭਾਵ ਜੇਕਰ ਮੈਟ੍ਰਿਕ ਵਿੱਚ 50 ਪ੍ਰੀਖਿਆਰਥੀ ਹਨ, ਪ੍ਰੰਤੂ ਸਿਰਫ 45 ਪ੍ਰੀਖਿਆਰਥੀਆਂ ਨੇ ਹੀ ਫੀਸ/ਦਸਤਾਵੇਜ਼ ਪੂਰੇ ਕੀਤੇ ਹਨ ਅਤੇ ਬਾਕੀ ਪ੍ਰੀਖਿਆਰਥੀਆਂ ਨੂੰ ਕੁਝ ਸਮ੍ਹਾਂ ਲੱਗਣਾ ਹੈ ਤਾਂ ਉਹਨਾਂ ਦਾ ਇੰਤਜ਼ਾਰ ਕਰਨ ਦੀ ਬਜਾਏ 45 ਪ੍ਰੀਖਿਆਰਥੀਆਂ ਨੂੰ ਸਲੈਕਟ ਕਰਕੇ ਉਹਨਾਂ ਦਾ ਫਾਰਮ ਅਤੇ ਚਾਲਾਨ ਜਨਰੇਟ ਕਰ ਲਿਆ ਜਾਵੇ (ਪ੍ਰੀਖਿਆ ਫਾਰਮ ਜਨਰੇਟ ਕਰਨ ਦਾ ਪ੍ਰੋਸੈਸ ਚਾਲਾਨ ਜਨਰੇਟ ਕਰਨ ਉਪਰੰਤ ਹੀ ਪੂਰਾ ਹੋਵੇਗਾ)। ਇਹਨਾਂ ਪ੍ਰੀਖਿਆਰਥੀਆਂ ਦਾ ਇੱਕ ਲਾਟ ਬਣ ਜਾਵੇਗਾ। ਇਸੇ ਤਰ੍ਹਾਂ ਬਾਕੀ ਬਚਦੇ ਪ੍ਰੀਖਿਆਰਥੀਆਂ ਦੇ ਪ੍ਰੀਖਿਆ ਫਾਰਮ/ਚਾਲਾਨ ਉੱਪਰ ਦਿੱਤੇ ਪ੍ਰਸੈਸ ਅਨੁਸਾਰ ਅਗਲੇ ਲਾਟ ਵਿੱਚ ਜਨਰੇਟ ਕੀਤੇ ਜਾ ਸਕਦੇ ਹਨ।
2. ਪ੍ਰੀਖਿਆ ਫੀਸਾਂ ਪੰਜਾਬ ਨੈਸ਼ਨਲ ਬੈਂਕ ਅਤੇ ਸਟੇਟ ਬੈਂਕ ਆਫ ਪਟਿਆਲਾ ਵਿਖੇ ਚਾਲਾਨ ਰਾਹੀਂ ਜਮ੍ਹਾਂ ਕਰਵਾਈਆਂ ਜਾਣਗੀਆ। ਚਾਲਾਨ ਜਨਰੇਟ ਹੋਣ ਤੋ 24 ਘੰਟੇ ਬਾਅਦ ਬੈਂਕ ਵਿੱਚ ਫੀਸ ਜਮ੍ਹਾਂ ਹੋਵੇਗੀ ਅਤੇ ਜਮ੍ਹਾਂ ਹੋਣ ਤੋਂ ਲੱਗ ਭੱਗ 48 ਘੰਟੇ ਵਿੱਚ ਫੀਸ ਵੈਰੀਫਾਈ ਹੋਵੇਗੀ। ਫੀਸ ਵੈਰੀਫਾਈ ਹੋਣ ਉਪਰੰਤ ਹੀ ਪ੍ਰੀਖਿਆ ਫਾਰਮ ਪ੍ਰਿੰਟ ਕੀਤੇ ਜਾ ਸਕਦੇ ਹਨ।
3. ਚਾਲਾਨ ਉੱਪਰ ਦਰਜ Challan Valid Date ਹੀ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਹੋਵੇਗੀ। ਇਸ ਮਿਤੀ ਤੱਕ ਹੀ ਹਰ ਹਾਲਤ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜਮੀ ਹੋਵੇਗੀ।
4. ਸ਼ਡਿਊਲ ਦੀਆਂ ਮਿਤੀਆਂ ਵਿੱਚ ਕਿਸੇ ਵੀ ਸਟੇਜ ਤੇ ਵਾਧਾ ਨਹੀਂ ਕੀਤਾ ਜਾਵੇਗਾ।
5. ਪ੍ਰੀਖਿਆ ਫਾਰਮ ਸਬੰਧਤ ਸਕੂਲ ਦੀ ਲਾਗ-ਇੰਨ ਆਈ.ਡੀ ਵਿੱਚੋਂ ਮਿਤੀ 08-10-2015 ਤੋਂ ਬਾਅਦ ਪ੍ਰਿੰਟ ਕੀਤੇ ਜਾਣ।
6. ਪ੍ਰੀਖਿਆ ਫੀਸ ਜਮ੍ਹਾਂ ਕਰਵਾਉਣ ਸਬੰਧੀ ਹਦਾਇਤਾਂ ਸਬੰਧਤ ਸਕੂਲ ਦੀ ਲਾਗ-ਇੰਨ ਆਈ.ਡੀ ਵਿੱਚ ਉਪਲਬਧ ਹਨ।
7. ਪਰੀਖਿਆਰਥੀਆਂ ਦੇ ਵੇਰਵਿਆ ਵਿੱਚ ਜੇਕਰ ਕੋਈ ਵੀ ਸੋਧ ਹੋਵੇ ਤਾਂ ਮਿਤੀ 02-11-2015 ਤੋਂ 10-12-2015 ਤੱਕ 200/- ਰੁ: ਪ੍ਰਤੀ ਸੋਧ ਫੀਸ ਦੇ ਨਾਲ ਸਕੂਲ ਲਾਗਇੰਨ ਆਈ.ਡੀ. ਵਿੱਚ ਉਪਲਬਧ ਸ਼੍ਰੇਣੀ ਵਾਈਜ਼ ਦਿੱਤਾ ਸੋਧ ਪ੍ਰੋਫਾਰਮਾ ਪ੍ਰਿੰਟ ਕਰਕੇ ਸੋਧਾਂ ਦਰਜ ਕਰਨ ਉਪਰੰਤ ਮੁੱਖ ਦਫਤਰ ਵਿਖੇ ਸਬੰਧਤ ਪ੍ਰੀਖਿਆ ਸ਼ਾਖਾ ਦੇ ਸੈੱਟ ਵਿੱਚ ਜਮ੍ਹਾਂ ਕਰਵਾਇਆ ਜਾਵੇ। ਸੋਧ ਫੀਸ ਮੁੱਖ ਦਫਤਰ ਵਿੱਚ ਹੀ ਜਮ੍ਹਾਂ ਕਰਵਾਈ ਜਾਵੇ।

ਸਕੱਤਰ